## ਪੰਜਾਬ ਸਕੂਲ ਸਿੱਖਿਆ ਬੋਰਡ

### ਪ੍ਰੈਸ ਨੋਟ

**(ਕੇਵਲ ਦਸਵੀਂ ਪੱਧਰ ਦੀ ਪੰਜਾਬੀ ਵਾਧੂ ਵਿਸ਼ੇ ਦੀ ਪਰੀਖਿਆ ਸਬੰਧੀ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੈਸ਼ਨ 2017-18 ਦੀ ਪਹਿਲੀ ਤਿਮਾਹੀ ਦੀ ਪਰੀਖਿਆ ਲੈਣ ਲਈ ਮਿਤੀ 26-04-2017 ਅਤੇ 27-04-2017 ਨਿਸ਼ਚਿਤ ਕੀਤੀ ਗਈ ਹੈ। ਪੰਜਾਬੀ-ਏ ਵਿਸ਼ੇ ਦੀ ਪਰੀਖਿਆ ਮਿਤੀ 26-04-2017 (ਬੁੱਧਵਾਰ) ਅਤੇ ਪੰਜਾਬੀ-ਬੀ ਵਿਸ਼ੇ ਦੀ ਪਰੀਖਿਆ ਮਿਤੀ 27-04-2017 (ਵੀਰਵਾਰ) ਨੂੰ ਹੋਵੇਗੀ। ਪਰੀਖਿਆ ਸਬੰਧੀ ਆਨ-ਲਾਈਨ ਪਰੀਖਿਆ ਫਾਰਮ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਮਿਤੀ 17-04-2017 ਤੱਕ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਸਬੰਧਤ ਪਰੀਖਿਆ ਸ਼ਾਖਾ ਵਿੱਚ ਪ੍ਰਾਪਤ ਕੀਤੇ ਜਾਣਗੇ। ਰੋਲ ਨੰਬਰ ਬੋਰਡ ਦੀ ਵੈਬਸਾਈਟ ਤੇ ਮਿਤੀ 21-04-2017 ਤੋਂ ਬਾਅਦ ਉਪਲੱਬਧ ਹੋਣਗੇ। ਪਰੀਖਿਆ ਫਾਰਮ ਜਮ੍ਹਾਂ ਕਰਵਾਉਣ ਸਮੇਂ ਪਰੀਖਿਆਰਥੀ ਆਪਣੇ ਮੈਟ੍ਰਿਕ ਪਾਸ ਦੇ ਅਸਲ ਸਰਟੀਫਿਕੇਟ, ਫੋਟੋ ਪਹਿਚਾਣ ਪੱਤਰ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਨਾਲ ਲੈ ਕੇ ਆਉਣ। ਦੂਜੇ ਰਾਜਾਂ ਅਤੇ ਦੂਜੇ ਬੋਰਡ ਦੇ ਪਰੀਖਿਆਰਥੀ ਪਰੀਖਿਆ ਫਾਰਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪਰੀਖਿਆ ਫਾਰਮ ਦੇ ਨਾਲ ਨੱਥੀ ਕਰਨਗੇ। ਪਰੀਖਿਆ ਫਾਰਮ ਅਤੇ ਹਰ ਜਾਣਕਾਰੀ ਲਈ ਬੋਰਡ ਦੀ ਵੈਬ ਸਾਈਟ **www.pseb.ac.in** ਵੇਖੀ ਜਾਵੇ।

ਸਕੱਤਰ